بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 16.09.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਪਿਆਰਾ ਰਜ਼ਾ ਸਲੀਮ ਜਾਮਿਆ ਪਾਸ ਕਰਨ ਤੋਂ ਪਹਿਲਾਂ ਹੀ ਇਕ ਚੰਗਾ ਮੁਰੱਬੀ ਤੇ ਚੰਗਾ ਪ੍ਰਚਾਰਕ ਸੀ ਅਤੇ ਖ਼ਿਲਾਫ਼ਤ ਲਈ ਅਤਿਅੰਤ ਗ਼ੈਰਤ ਰਖੱਣ ਵਾਲਾ ਸੀ । ਅਲੱਾਹ ਤਆਲਾ ਦੁਨੀਆ ਦੇ ਸਾਰਿਆਂ ਜਾਮਿਆਤ ਦੇ ਵਿਦਿਆਰਥੀਆਂ ਨੂੰ ਇਹ ਸੰਜੋਗ ਪ੍ਰਦਾਨ ਕਰੇ ਕਿ ਉਹ ਵੀ ਆਪਣੀ ਈਮਾਨਦਾਰੀ ਤੇ ਵਫ਼ਾਦਾਰੀ ਵਿੱਚ ਵਧੱਣ ਵਾਲੇ ਹੋਣ ਅਤੇ ਕਰਤਵਾਂ ਨੂੰ ਨਿਭਾਉਣ ਵਾਲੇ ਹੋਣ । ਵਿਨਮ੍ਰਤਾ, ਚੰਗਾ ਸੁਭਾਵ, ਧਰਮ ਦੀ ਅਣਖ, ਖ਼ਿਲਾਫ਼ਤ ਨਾਲ ਸੰਬੰਧ ਤੇ ਪ੍ਰੇਮ, ਪ੍ਰਾਹੁਣਾਚਾਰੀ, ਭਾਵਨਾਵਾਂ ਦਾ ਸਨਮਾਨ ਆਦਿ ਇਹ ਸਾਰੇ ਵਿਸ਼ੇਸ਼ ਗੁਣ ਸਨ । ਅਜਿਹੇ ਲੋਕ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਫ਼ਰਮਾਨ ਅਨੁਸਾਰ ਉਹਨਾਂ ਲੋਕਾਂ ਵਿੱਚ ਗਿਣੇ ਜਾਂਦੇ ਹਨ ਜਿੰਨ੍ਹਾ ਲਈ ਸਵਰਗ ਵਾਜਬ ਹੋ ਜਾਂਦਾ ਹੈ । ਜਾਮਿਆ ਅਹਮਦੀਆ ਯੂ.ਕੇ. ਦੇ ਇਕ ਹੋਨਹਾਰ ਵਿਦਿਆਰਥੀ ਰਜ਼ਾ ਸਲੀਮ ਦੀ ਮੌਤ ਉਪੱਰ ਉਹਨਾਂ ਦੇ ਸਦਗੁਣਾ ਦਾ ਬਿਬਰਣ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 16 ਸਤੰਬਪਰ 2016 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਰ ਮਨੁੱਖ ਜੋ ਸੰਸਾਰ ਵਿੱਚ ਆਉਂਦਾ ਹੈ ਇਕ ਦਿਨ ਉਸਨੇ ਪਰਤਨਾ ਹੈ । ਕੋਈ ਵੀ ਚੀਜ਼ ਸਦੈਵੀ ਨਹੀਂ ਹੈ । ਕਈ ਅਤਿਅੰਕ ਬਚਪੁਨੇ ਵਿੱਚ ਰੱਬ ਕੋਲ ਚਲੇ ਜਾਂਦੇ ਹਨ । ਕਈ ਵੱਡੀ ਉਮਰ ਵਿੱਚ ਅਤੇ ਕਈ ਲੋਕ ਅਪਣੀ ਉਮਰ ਦੇ ਅਖੀਰਲੇ ਭਾਗ ਤੱਕ ਪਹੁੰਚਦੇ ਹਨ । ਕਈ ਵੁਜੂਦ ਅਜਿਹੇ ਹੁੰਦੇ ਹਨ, ਜਿੰਨ੍ਹਾ ਦੇ ਇਸ ਦੁਨੀਆਂ ਵਿੱਚੋਂ ਪਰਤਨ ਸਮੇਂ ਦੁੱਖ ਪ੍ਰਗਟਾਉਣ ਵਾਲਿਆਂ ਦਾ ਸਰਕਲ ਬਹੁਤ ਵਡੱਾ ਹੁੰਦਾ ਹੈ ਅਤੇ ਜੇਕਰ ਅਜਿਹੀ ਮਨਭਾਉਂਦੀ ਸ਼ਖਸੀਅਤ ਭਰੀ ਜਵਾਨੀ ਵਿੱਚ ਅਚਨਚੇਤ ਚਲੀ ਜਾਵੇ ਤਾਂ ਦੁੱਖ ਬਹੁਤ ਵੱਧ ਜਾਂਦਾ ਹੈ, ਪਰ ਅਲੱਾਹ ਤਆਲਾ ਨੇ ਸਾਨੂੰ ਹਰ ਦੁੱਖ, ਕਸ਼ਟ, ਅਫ਼ਸੋਸ ਤੇ ਸਦਮੇ ਦੀ ਅਵਸਥਾ ਵਿੱਚ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਿਆਂ ਹੋਇਆਂ ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (إِنَّا لِلّٰہِ وَإِنَّا إِلَیۡہِ رَاجِعُوۡنَ) ਦੀ ਦੁਆ ਸਿਖਾਈ ਹੈ ਕਿ ਅਸੀਂ ਰੱਬ ਦੇ ਹੀ ਹਾਂ ਅਤੇ ਉਸੇ ਵੱਲ ਪਰਤਨਾ ਹੈ ਅਤੇ ਜੱਦ ਇਸ ਸੰਸਾਰ ਤੋਂ ਕੂਚ ਕਰਨ ਵਾਲੇ ਦੇ ਨੇੜਲੇ ਅਤਿਅੰਤ ਸਬਰ ਦਾ ਪ੍ਰਗਟਾਵਾ ਕਰਦੇ ਹਨ, ਇਹ ਦੁਆ ਪੜ੍ਹਦੇ ਹਨ ਤਾਂ ਫਿਰ ਅਲੱਾਹ ਤਆਲਾ ਜਿੱਥੇ ਮਰਹੂਮ (ਮ੍ਰਿਤਕ) ਦੇ ਦਰਜੇ ਬੁਲੰਦ ਕਰਦਾ ਹੈ ਓਥੇ ਪਿੱਛੇ ਰਹਿਣ ਵਾਲਿਆਂ ਦੀ ਸ਼ਾਂਤੀ ਦੇ ਸਾਧਨ ਵੀ ਪੈਦਾ ਕਰ ਦਿੰਦਾ ਹੈ । ਪਿਛੱਲੇ ਦਿਨੀ ਸਾਡੇ ਇਕ ਬਹੁਤ ਹੀ ਪਿਆਰੇ ਜਾਮਿਆ ਅਹਮਦੀਆ ਦੇ

ਵਿਦਿਆਰਥੀ ਦੀ ਇਕ ਹਾਦਸੇ ਵਿੱਚ 20 ਸਾਲ ਦੀ ਉਮੱਰ ਵਿੱਚ ਮੌਤ ਹੋ ਗਈ । (إِنَّا لِلّٰهِ وَإِنَّا إِلَيْهِ رَاجِعُونَ) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਇਕ ਮਿੱਤਰ ਨੇ ਮੈਂਨੂੰ ਦੱਸਿਆ ਕਿ ਉਹਨਾਂ ਦੇ ਇਕ ਮਿੱਤਰ ਆਪਣੀ ਪਤਨੀ ਦੇ ਨਾਲ ਸੂਚਨਾ ਮਿਲਣ ਦੇ ਦੋ ਘੱਟਿਆਂ ਅੰਦਰ ਹੀ ਮਰਹੂਮ ਦੇ ਮਾਂਪਿਆਂ ਕੋਲ ਦੁੱਖ ਵੰਡਾਉਣ ਲਈ ਗਏ ਤਾਂ ਕਹਿੰਦੇ ਹਨ ਕਿ ਮੇਰੀ ਪਤਨੀ ਦੀ ਹੈਰਾਨੀ ਦੀ ਅਥਾਹ ਨ ਰਹੀ ਜੱਦ ਮਰਹੂਮ ਦੀ ਮਾਂ ਨੇ ਕਿਹਾ ਕਿ ਉਹ ਮੇਰਾ ਬਹੁਤ ਹੀ ਪਿਅਰਾ ਪੁਤੱਰ ਸੀ ਪਰ ਉਸ ਨੂੰ ਬੁਲਾਉਣ ਵਾਲਾ ਉਸ ਤੋਂ ਵੀ ਪਿਅਰਾ ਹੈ । ਇਹ ਹੈ ਉਹ ਮੋਮਿਨਾਨਾ ਸ਼ਾਨ ਦਾ ਉੱਤਰ ਜੋ ਸਾਨੂੰ ਅੱਜ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਣ ਵਾਲਿਆਂ ਵਿੱਚ ਦਿਖਾਈ ਦਿੰਦਾ ਹੈ । ਕੋਈ ਚੀਕਣਾ ਚਿਲੱਾਉਣਾ ਨਹੀਂ । ਹਾਂ ਦੁੱਖ ਹੁੰਦਾ ਹੈ, ਇੰਸਾਨ ਰੋਂਦਾ ਵੀ ਹੈ ਦੁੱਖ ਦੀ ਅਤਿਅੰਤ ਅਵਸਥਾ ਵੀ ਹੁੰਦੀ ਹੈ ਅਤੇ ਮਾਂ ਤੋਂ ਵੱਧ ਕਿਸ ਨੂੰ ਜਵਾਨ ਬੱਚੇ ਦੇ ਦੁੱਖ ਦਾ ਅਨੁਭਵ ਹੋ ਸਕਦਾ ਹੈ, ਉਸ ਤੋਂ ਵੱਧ ਕਿਸੇ ਨੂੰ ਦੁੱਖ ਨਹੀਂ ਹੋ ਸਕਦਾ ਹੈ ਜਾਂ ਪਿਤਾ ਤੋਂ ਵੱਧ ਕਿਸੇ ਨੂੰ ਆਪਣੇ ਜਵਾਨ ਬੱਚੇ ਦੇ ਚਲੇ ਜਾਣ ਦਾ ਅਹਿਸਾਸ ਹੋ ਸਕਦਾ ਹੈ । ਪਿਤਾ ਬਾਰੇ ਮੈਂਨੂੰ ਇਹੋ ਦੱਸਿਆ ਗਿਆ ਕਿ ਹਾਦਸੇ ਦੀ ਸੂਚਨਾ ਮਿਲਦੇ ਹੀ ਅਤਿਅੰਤ ਦੁੱਖ ਦੀ ਅਵਸਥਾ ਵਿੱਚ ਸਨ, ਪਰ ਜੱਦ ਮੌਤ ਦੀ ਸੂਚਨਾ ਮਿਲੀ ਤਾਂ ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (إِنَّا لِلّٰهِ وَإِنَّا إِلَيْهِ رَاجِعُونَ) ਪੜ੍ਹਿਆ ਤੇ ਸਕੂਨ ਵਿੱਚ ਆ ਗਏ ।

ਸੋ, ਇਹੋ ਹੀ ਹਕੀਕੀ ਮੋਮਿਨਾਨਾ ਸ਼ਾਨ ਹੈ । ਜਵਾਨ ਬੱਚੇ ਦੀ ਅਚਨਚੇਤ ਮੌਤ ਨੂੰ ਐਨ੍ਹੀ ਛੇਤੀ ਭੁਲਾਇਆ ਤਾਂ ਨਹੀਂ ਜਾ ਸਕਦਾ ਪਰ ਇਕ ਮੋਮਿਨ ਆਪਣੇ ਦੁੱਖ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋਕੇ ਵਰਨਣ ਕਰਦਾ ਹੈ ਰੋਂਦਾ ਵੀ ਹੈ ਅਤੇ ਮਨ ਦੀ ਸ਼ਾਂਤੀ ਤੇ ਮਰਹੂਮ ਦੇ ਦਰਜਿਆਂ ਦੀ ਬੁਲੰਦੀ ਲਈ ਦੁਆਵਾਂ ਵੀ ਕਰਦਾ ਹੈ । ਮੈਂ ਜਰਮਨੀ ਦੀ ਯਾਤਰਾ'ਤੇ ਸੀ, ਵਾਪਸੀ ਦੀ ਯਾਤਰਾਂ ਉਸ ਦਿਨ ਅਰੰਭ ਹੋਈ ਸੀ । ਯਾਤਰਾ ਅਰੰਭ ਕਰਨ ਤੋਂ ਪਹਿਲਾਂ ਹੀ ਮੈਂਨੂੰ ਸੂਚਨਾ ਮਿਲੀ ਕਿ ਦੁਰਘਟਨਾ ਹੋ ਗਈ ਹੈ ਅਤੇ ਫਿਰ ਮਾਰਗ ਵਿੱਚ ਮੌਤ ਦੀ ਸੂਚਨਾ ਵੀ ਮਿਲੀ । ਪਿਆਰੇ ਬੱਚੇ ਦਾ ਚਿਹਰਾ ਵਾਰ ਵਾਰ ਮੇਰੇ ਸਾਹਮਣੇ ਆਉਂਦਾ ਰਿਹਾ ਦੁਆ ਦੀ ਵੀ ਤੌਫ਼ੀਕ ਮਿਲਦੀ ਰਹੀ । ਬਹੁਤ ਹੀ ਪਿਆਰਾ ਬਚੱਾ ਸੀ । ਜਾਮਿਆ ਅਹਮਦੀਆ ਯੂ.ਕੇ. ਦੇ ਬੱਚੇ ਬਕਾਇਦਗੀ ਨਾਲ ਮੈਂਨੂੰ ਮਿਲਦੇ ਰਹਿੰਦੇ ਹਨ । ਇਸ ਲਈ ਉਹਨਾਂ ਨਾਲ ਹਰ ਇਕ ਨਾਲ ਇਕ ਵਿਅਕਤੀਗੱਤ ਸੰਬੰਧ ਵੀ ਹੈ ਅਤੇ ਵਾਕਫ਼ੀਅਤ (ਪਹਿਚਾਨ) ਵੀ ਹੈ । ਮੁਲਾਕਾਤ ਸਮੇਂ ਜੇਕਰ ਮੇਰੇ ਕੋਲ ਕੁਝ ਸਮਾਂ ਹੋਵੇ ਤਾਂ ਪ੍ਰਸ਼ਨ ਉੱਤਰ ਵੀ ਕਰ ਲੈਂਦੇ ਹਨ । ਇਸ ਬੱਚੇ ਦੀ ਅਖ਼ੀਰਲੀ ਮੁਲਾਕਾਤ ਜੱਦ ਮੇਰੇ ਨਾਲ ਹੋਈ ਤਾਂ ਕੁਝ ਪ੍ਰਸ਼ਨ ਉਸ ਦੇ ਮਨ ਵਿੱਚ ਸਨ । ਉਸ ਦੇ ਉੱਤਰ ਵਿੱਚ ਕੁਝ ਸਮਾਂ ਲਗੱਾ, ਮੈਂ ਚੰਗੀ ਵਿਸਥਾਰ ਨਾਲ ਉਸ ਨੂੰ ਦੱਸਿਆ । ਮੈਂਨੂੰ ਤਾਂ ਇਹ ਉਸ ਦੇ ਪਿਤਾ ਦੇ ਕਹਿਣ'ਤੇ ਚੇਤੇ ਆਇਆ ਕਿ ਉਸ ਮੁਲਾਕਾਤ ਦੇ ਬਾਦ ਰਜ਼ਾ ਬਹੁਤ ਖ਼ੁਸ਼ ਸੀ ਕਿ ਅੱਜ ਘੱਟੋ ਘੱਟ ਪੰਦਰ੍ਹਾਂ ਸੋਲ੍ਹਾਂ ਮਿੰਟ ਦੀ ਮੁਲਾਕਾਤ ਵਿੱਚ ਮੇਰੇ ਪ੍ਰਸ਼ਨ ਦਾ ਵਿਸਥਾਰ ਨਾਲ ਉੱਤਰ ਮੈਂਨੂੰ ਮਿਲਿਆ ਹੈ । ਹਮੇਸ਼ਾਂ ਹੀ ਉਸ ਦੀਆਂ ਅੱਖਾਂ ਵਿੱਚ ਖ਼ਿਲਾਫ਼ਤ ਲਈ ਇਕ ਵਿਸ਼ੇਸ਼ ਪਿਆਰ ਤੇ ਚਮਕ ਹੁੰਦੀ ਸੀ । ਅਜ਼ੀਜ਼ ਜੱਦ ਜਾਮਿਆ ਵਿੱਚ ਦਾਖ਼ਲ ਹੋਇਆ ਤਾਂ ਮੇਰਾ ਵਿਚਾਰ ਸੀ ਕਿ ਸ਼ਾਇਦ ਖੇਡਾਂ ਵਿੱਚ ਬਹੁਤੀ ਦਿਲਚਸਪੀ ਹੋਵੇ ਪਰ ਉਸ ਬੱਚੇ ਨੇ ਮੇਰੇ ਅੰਦਾਜ਼ੇ ਨੂੰ ਬਿਲਕੁਲ ਗ਼ਲਤ ਕਰ ਦਿੱਤਾ । ਪੜ੍ਹਾਈ ਵਿੱਚ ਵੀ ਹੁਸ਼ਿਆਰ ਨਿਕਲਿਆ, ਬੇਸ਼ਕ ਖੇਡਾਂ ਵਿੱਚ ਦਿਲਚਸਪੀ ਸੀ ਅਤੇ ਨੇਕੀ ਤੇ ਵਫ਼ਾਦਾਰੀ ਵਿੱਚ ਵੀ ਬਹੁਤ ਵੱਧਿਆ ਹੋਇਆ ਸੀ । ਇਕ ਭਾਵਨਾ ਸੀ ਕਿ ਖ਼ਿਲਾਫ਼ਤ ਤੇ ਦੀਨ ਦੀ ਸੁਰੱਖਿਆ ਲਈ ਮੈਂ ਨੰਗੀ ਤਲਵਾਰ ਬਣ ਜਾਵਾਂ ਅਤੇ ਜਿਵੇਂ ਕਿ ਕੁਝ ਹਾਲਾਤ ਉਸ ਦੇ ਮਿੱਤਰਾਂ ਨੇ ਲਿਖੇ ਹਨ, ਉਸ ਨੇ ਇਹ ਕਰਕੇ ਵੀ ਦਿਖਾਇਆ । ਅਨੇਕਾਂ ਹੀ ਲਿਖੱਣ ਵਾਲੇ ਉਸ ਦੇ ਮਿੱਤਰਾਂ ਨੇ, ਉਸਦੇ ਕਲਾਸ ਫ਼ੈਲੋਜ਼ ਨੇ, ਜਾਮਿਆ ਦੇ ਵਿਦਿਆਰਥੀਆਂ ਨੇ, ਭੈਣ ਭਰਾ ਤੇ ਮਾਂਪਿਆਂ ਨੇ ਮੇਰੇ ਕੋਲ ਉਸ ਦੀਆਂ ਖ਼ੂਬੀਆਂ ਵਰਨਣ ਕੀਤੀਆਂ । ਇਕ ਗੱਲ ਤਾਂ ਲਗਭਗ ਹਰ ਇਕ ਨੇ ਲਿਖੀ ਕਿ ਵਿਨਮ੍ਰਤਾ, ਹਲੀਮੀ ਤੇ ਧਰਮ ਦੀ ਗ਼ੈਰਤ ਖ਼ਿਲਾਫ਼ਤ ਨਾਲ ਸੰਬੰਧ ਤੇ ਪ੍ਰੇਮ, ਪ੍ਰਾਹੁਣਾਚਾਰੀ ਤੇ ਭਾਵਨਾਵਾਂ ਦਾ ਸਨਮਾਨ ਇਹ ਉਸ ਦੇ ਵਿਸ਼ੇਸ਼ ਗੁਣ ਸਨ । ਅਜਿਹੇ ਲੋਕ ਹਜ਼ਰਤ ਮਹਮੱਦ ਸਲਲੱਾਹੁ

ਅਲੈਹਿ ਵਸਲਮ ਦੇ ਫ਼ਰਮਾਨ ਅਨੁਸਾਰ ਉਹਨਾਂ ਲੋਕਾਂ ਵਿੱਚ ਗਿਣੇ ਜਾਂਦੇ ਹਨ, ਜਿੰਨ੍ਹਾ'ਤੇ ਸਵਰਗ ਵਾਜਬ ਹੋ ਜਾਂਦਾ ਹੈ, ਜਿੰਨ੍ਹਾ ਦੀ ਹਰ ਕੋਈ ਸ਼ਲਾਘਾ ਕਰਦਾ ਹੈ ਅਤੇ ਇਹ ਬਚੱਾ ਤਾਂ ਧਰਮ ਦੀ ਸੇਵਾ ਦੀ ਵਿਸ਼ੇਸ਼ ਭਾਵਨਾ ਰਖੱਦਾ ਸੀ ਅਤੇ ਸ਼ਾਇਦ ਖੇਡਾਂ ਤੇ ਹਾਈਕਿੰਗ ਅਦਿ ਵਿੱਚ ਵੀ ਇਸ ਲਈ ਭਾਗ ਲੈਂਦਾ ਸੀ ਕਿ ਸਵਸਥ ਸ਼ਰੀਰ ਧਰਮ ਦੀ ਸੇਵਾ ਲਈ ਜ਼ਰੂਰੀ ਹੈ । ਇਸ ਦੇ ਸੱਦਗੁਣਾ ਨੂੰ ਲਿਖੱਣ ਵਾਲਿਆਂ ਨੇ ਇਸ ਪਿਆਰੇ ਬੱਚੇ ਬਾਰੇ ਜੋ ਇਜ਼ਹਾਰ (ਸਮੀਕਰਨ) ਕੀਤੇ ਹਨ ਹਰ ਇਕ ਸਮੀਕਰਨ ਅਜਿਹਾ ਹੈ ਜੋ ਉਸ ਦੀਆਂ ਖ਼ੂਬੀਆਂ ਨੂੰ ਦਰਸ਼ਾਉਂਦਾ ਹੈ ।

ਅਜ਼ੀਜ਼ ਰਜ਼ਾ ਸਲੀਮ ਜੋ ਸਾਡੇ ਪ੍ਰਾਈਵੇਟ ਸੈਕ੍ਰੇਟਰੀ ਦੇ ਦਫ਼ਤਰ ਦੇ ਕਾਰਕੁਨ (ਵਰਕਰ) ਸਲੀਮ ਜ਼ਫ਼ਰ ਸਾਹਬ ਦੇ ਪੁਤੱਰ ਸਨ, 10 ਸਤੰਬਰ 2016 ਈ. ਨੂੰ ਇਟਲੀ ਵਿੱਚ ਹਾਈਕਿੰਗ ਸਮੇਂ ਇਕ ਹਾਦਸੇ ਵਿੱਚ ਉਹਨਾਂ ਦੀ ਮੌਤ ਹੋ ਗਈ । (إِنَّا لِلّٰهِ وَإِنَّا إِلَيْهِ رَاجِعُونَ) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਇਹ ਗਿਲਫ਼ਰਡ ਯੂ.ਕੇ. ਵਿੱਚ ਪੈਦਾ ਹੋਏ ਸਨ 'ਵਕਫ਼ੇ ਨੌ' ਦੀ ਤਹਿਰੀਕ ਵਿੱਚ ਸ਼ਾਮਲ ਸਨ । ਇਹਨਾਂ ਦੇ ਪਰਿਵਾਰ ਵਿੱਚ ਅਹਮਦੀਅਤ ਇਹਨਾਂ ਦੇ ਪੜਦਾਦਾ ਮੁਹਤਰਮ ਅਲਾਹਦੀਨ ਸਾਹਬ ਰਾਹੀਂ ਆਈ ਜਿੰਨ੍ਹਾ ਦਾ ਸੰਬੰਧ ਕਾਦੀਆਂ ਦੇ ਨੇੜਲੇ ਪਿੰਡ ਨਾਲ ਸੀ । ਉਹਨਾਂ ਦੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੇ ਹੱਥ ਉਪੱਰ ਬੈਅਤ ਕੀਤੀ ਸੀ । ਇਸ ਬੱਚੇ ਨੇ 2012 ਈ. ਵਿੱਚ ਜਾਮਿਆ ਅਹਮਦੀਆ ਯੂ.ਕੇ. ਵਿੱਚ ਦਾਖ਼ਲਾ ਲਿਆ, ਉਹ ਆਪਣੇ ਪਰਿਵਾਰ ਵਿੱਚ ਪਹਿਲਾ ਮੁਰੱਬੀ ਬਣ ਰਿਹਾ ਸੀ ਅਤੇ ਦਰਜਾ ਸਾਲਸਾ ਪਾਸ ਕਰ ਚੁਕੱਾ ਸੀ ਤੇ ਦਰਜਾ ਰਾਬਿਆ (ਚੌਥੇ ਸਾਲ ਦੀ ਕਲਾਸ) ਵਿੱਚ ਜਾਣ ਵਾਲਾ ਸੀ । ਮਰਹੂਮ ਮੂਸੀ ਸੀ, ਵਸੀਯੱਤ ਦਾ ਫ਼ਾਰਮ ਉਸਨੇ ਭਰ ਦਿੱਤਾ ਹੋਇਆ ਸੀ ਅਤੇ ਕਾਰਵਾਈ ਚੱਲ ਰਹੀ ਸੀ । ਮੈਂ ਕਾਰਪਰਦਾਜ਼ (ਵਸੀਯੱਤ ਵਿਭਾਗ ਦੇ ਇੰਚਾਰਜ) ਨੂੰ ਲਿੱਖਿਆ ਕਿ ਵਸੀਯੱਤ ਮਨਜ਼ੂਰ ਹੈ । ਮਾਂਪਿਆਂ ਤੋਂ ਬਿਨਾ ਦੋ ਭੈਣਾ ਤੇ ਦੋ ਭਰਾ ਹਨ ਇਹਨਾਂ ਦੇ ।

ਸਲੀਮ ਜ਼ਫ਼ਰ ਸਾਹਬ ਲਿਖੱਦੇ ਹਨ ਕਿ ਮੇਰਾ ਬਹੁਤ ਹੀ ਪਿਆਰਾ ਬੇਟਾ ਸੀ ਬਹੁਤ ਖ਼ੂਬੀਆਂ ਦਾ ਮਾਲਕ ਸੀ। ਹਮੇਸ਼ਾ ਸੱਚ ਬੋਲਦਾ ਸੀ, ਜੇਕਰ ਕੋਈ ਗ਼ਲਤੀ ਹੋ ਜਾਵੇ ਤਾਂ ਲੁਕਾਉਂਦਾ ਨਹੀਂ ਸੀ, ਜੇਕਰ ਡਾਂਟ ਪਏ ਤਾਂ ਉਸ ਦੀ ਵੀ ਪਰਵਾਹ ਨਹੀਂ ਕਰਦਾ ਸੀ । ਆਪਣੀ ਗ਼ਲਤੀ ਨੂੰ ਸਵੀਕਾਰ ਕਰਨਾ ਅਤੇ ਸੱਚ ਉਪੱਰ ਕਾਇਮ ਰਹਿਣਾ ਉਸ ਦੀ ਆਦਤ ਵਿੱਚ ਸ਼ਾਮਲ ਸੀ । ਬੱਚਿਆਂ ਨਾਲ ਬਹੁਤ ਪਿਆਰ ਕਰਨ ਵਾਲਾ ਸੀ । ਆਪਣੀ ਭੈਣ ਦੇ ਬੱਚਿਆਂ ਨੂੰ ਬਹੁਤ ਪਿਆਰ ਕਰਦਾ ਜੇਕਰ ਉਹ ਭੈਣ ਆਪਣੇ ਬੱਚਿਆਂ ਨੂੰ ਡਾਂਟਦੀ ਤਾਂ ਇਹ ਐਨ੍ਹਾ ਅਹਿਸਾਸ ਰਖੱਦਾ ਸੀ ਕਿ ਆਪ ਰੋ ਪੈਂਦਾ ਅਤੇ ਕਿਹਾ ਕਰਦਾ ਕਿ ਬੱਚਿਆਂ ਦਾ ਸੁਧਾਰ ਮਾਰ ਨਾਲ ਨਹੀਂ ਹੋ ਜਾਂਦਾ । ਦੂਜਿਆਂ ਨੂੰ ਚੀਜ਼ਾਂ ਦੇਕੇ ਖ਼ੁਸ਼ੀ ਅਨੁਭਵ ਕਰਦਾ ਸੀ । ਜੇਕਰ ਕੋਈ ਚੀਜ ਉਸ ਨੂੰ ਖਾਣ ਲਈ ਦਿੰਦੇ ਕਿ ਹੋਸਟਲ ਵਿੱਚ ਜਾ ਰਹੇ ਹੋ ਇਹ ਰੱਖ ਲਓ ਤਾਂ ਜੇਕਰ ਵਾਹਵਾ ਹੁੰਦੀ ਤਾਂ ਲੈ ਜਾਂਦਾ ਕਿ ਮੇਰੇ ਰੂਮ ਮੈਟ ਜੋ ਹਨ ਉਹਨਾਂ ਨੂੰ ਪੂਰੀ ਆ ਜਾਵੇ ਨਹੀਂ ਤਾਂ ਛੱਡ ਜਾਂਦਾ ਕਿ ਮੈਂ ਲੁਕ ਲੁਕ ਕੇ ਨਹੀਂ ਖਾ ਸਕਦਾ । ਕਹਿੰਦੇ ਹਨ ਕਿ ਆਪਣੇ ਮਿੱਤਰਾਂ ਦੇ ਕਪੜੇ ਵੀ ਕਈ ਵਾਰ ਘਰ ਲੈ ਆਉਂਦਾ ਸੀ ਕਿ ਮੇਰੇ ਮਿੱਤਰਾਂ ਦੇ ਕਪੜੇ ਹਨ ਇਹਨਾਂ ਨੂੰ ਧੋ ਕੇ ਪ੍ਰੈਸ ਕਰ ਦਿਓ । ਭੈਣਾ ਤੇ ਭਰਾਵਾਂ ਨਾਲ ਵੀ ਬਹੁਤ ਪਿਆਰ ਦਾ ਸੰਬੰਧ ਸੀ । ਪੂਰੀ ਜ਼ਿੰਮੇਦਾਰੀ ਨਾਲ ਸਾਰੇ ਕੰਮ ਕਰਨਾ, ਸੇਵਾ ਕਰਨੀ, ਆਪਣੀ ਵਿਅਕਤੀਗੱਤ ਲੋੜ ਲਈ ਤਾਂ ਬੇਸ਼ਕ ਹੱਥ ਰੋਕ ਲੈਂਦਾ ਸੀ ਫ਼ਜ਼ੂਲ ਖ਼ਰਚ ਨਹੀਂ ਸੀ ਪਰ ਦੂਜਿਆਂ ਲਈ ਬਹੁਤ ਖੁਲੱਾ ਹੱਥ ਸੀ ਅਤੇ ਵਸੀਯੱਤ ਵੀ ਜਿਵੇਂ ਕਿ ਮੈਂ ਦੱਸਿਆ, ਉਸ ਦੀ ਰੱਬ ਦੀ ਮਿਹਰ ਨਾਲ ਮਨਜ਼ੂਰ ਹੋ ਗਈ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਖ਼ਿਲਾਫ਼ਤ ਨਾਲ ਅਥਾਹ ਪਿਆਰ ਸੀ ਅਤੇ ਇਸ ਦੇ ਵਿਰੁਧ ਕਦੇ ਵੀ ਕੋਈ ਨੀ ਗੱਲ ਨਹੀਂ ਸੁਣਦਾ ਸੀ ਅਤੇ ਗੱਲ ਸੁਣਕੇ ਕਦੇ ਵੀ ਚੁੱਪ ਨਹੀਂ ਰਹਿੰਦਾ ਸੀ । ਬਹੁਤ ਸਹਿਨਸ਼ੀਲ ਸੀ ਕਦੇ ਮੰਗਦਾ ਨਹੀਂ ਸੀ । ਇਸ ਲਈ ਲਈ ਸਾਨੂੰ ਉਸ ਦੀਆਂ ਲੋੜਾਂ ਦਾ ਆਪ ਹੀ ਧਿਆਨ ਰਖੱਣਾ ਪੈਂਦਾ ਸੀ । ਪੜ੍ਹਾਈ ਸਮੇਂ

ਹਮੇਸ਼ਾਂ ਉਹਨਾਂ ਲੜਕਿਆਂ ਦੀ ਜੋ ਯੂ.ਕੇ. ਤੋਂ ਬਾਹਰ ਦੇ ਸਨ ਅੰਗ੍ਰੇਜ਼ੀ ਵਿੱਚ ਬਹੁਤ ਮਦਦ ਕੀਤਾ ਕਰਦਾ ਸੀ । ਗੁਸੱਾ ਨਾਂ ਦੀ ਕੋਈ ਚੀਜ਼ ਉਸ ਦੇ ਵਿੱਚ ਹੈ ਹੀ ਨਹੀਂ ਸੀ ਹਮੇਸ਼ਾਂ ਉਸ ਨੂੰ ਮੁਸਕਰਾਉਂਦਿਆਂ ਦੇਖਿਆ, ਹਰ ਇਕ ਨੇ ਇਹੋ ਲਿੱਖਿਆ ਹੈ । ਨਮਾਜ਼ ਦਾ ਅਤਿਅੰਤ ਪਾਬੰਦ ਸੀ ।

ਉਹਨਾਂ ਦੇ ਪਿਤਾ ਜੀ ਲਿਖੱਦੇ ਹਨ ਕਿ ਮਾਨਚੈਸਟਰ ਵਕੜੇ ਆਰਜ਼ੀ'ਤੇ ਗਿਆ ਹੋਇਆ ਸੀ ਜਿਸ ਦਿਨ ਵਾਪਸ ਆਉਣਾ ਸੀ ਕਿਸੇ ਨੇ ਇਕ ਲਫ਼ਾਫ਼ਾ ਉਸ ਦੀ ਜੇਬ ਵਿੱਚ ਪਾ ਦਿਤੱਾ । ਉਸ ਨੇ ਉਸਨੂੰ ਖੋਲਕੇ ਦੇਖਿਆ ਤਾਂ ਉਸ ਵਿੱਚ ਕੁਝ ਰਕਮ ਸੀ । ਰਜ਼ਾ ਨੇ ਧੰਨਵਾਦ ਸਹਿਤ ਵਾਪਸ ਕੀਤੀ ਅਤੇ ਕਿਹਾ ਕਿ ਅੰਕਲ ਸਾਨੂੰ ਲੈਂਣਾ ਮਨਾ ਹੈ । ਉਸੇ ਵਿਅਕਤੀ ਨੇ ਕੁਝ ਦਿਨ ਬਾਦ ਮੈਂਨੂੰ ਪਤੱਰ ਲਿੱਖਿਆ ਕਿ ਇਕ ਛੋਟਾ ਜਿਹਾ ਬਚੱਾ ਜੋ ਮੁਰੱਬੀ ਬਣ ਰਿਹਾ ਹੈ ਉਹ ਏਥੇ ਆਇਆ ਸੀ ਅਤੇ ਸਾਨੂੰ ਹੈਰਾਨ ਕਰ ਗਿਆ । ਜੇਕਰ ਅਜਿਹੇ ਬੱਚੇ ਮੁਰੱਬੀ ਬਣਨਗੇ ਤਾਂ ਨਿਸ਼ਚੇ ਹੀ ਜਮਾਤ ਵਿੱਚ ਰੂਹਾਨੀ ਪਰਿਵਰਤਨ ਹੋਵੇਗਾ ।

ਇਹਨਾਂ ਦੀ ਮਾਤਾ ਜੀ ਲਿਖੱਦੀ ਹਨ ਕਿ ਮੇਰਾ ਪੁਤੱਰ ਆਪਣੇ ਮਾਂਪਿਆਂ ਤੇ ਜਮਾਤ ਦੀ ਆਗਿਆਕਾਰੀ ਕਰਨ ਵਾਲਾ ਸੀ ਉਸ ਦੇ ਪਿਆਰ ਦਾ ਅੰਦਾਜ਼ ਬਹੁਤ ਨਿਰਾਲਾ ਸੀ, ਧਿਆਨ ਰਖੱਣ ਵਾਲਾ, ਗੱਲ ਮਨੱ੍ਣ ਵਾਲਾ, ਹਰ ਛੋਟੇ ਤੋਂ ਛੋਟੇ ਮਾਮਲੇ ਵਿੱਚ ਬਹੁਤ ਹੀ ਚੰਗੇ ਅੰਦਾਜ਼ ਵਿੱਚ ਗੱਲ ਕਰਦਾ, ਛੋਟਿਆਂ ਤੇ ਵੱਡਿਆਂ ਤੋਂ ਬਹੁਤ ਹੀ ਪਿਆਰ ਨਾਲ ਪੇਸ਼ ਆਉਂਦਾ, ਮੇਰੇ ਘਰ ਦੇ ਕੰਮਾ ਵਿੱਚ ਮਦਦ ਕਰਦਾ, ਥੋੜ੍ਹੀ ਥੋੜ੍ਹੀ ਦੇਰ ਬਾਦ ਪੁਛੱਦਾ ਕਿ ਆਪ ਥੱਕ ਗਈ ਹਨ, ਕੋਈ ਮਦਦ ਕਰ ਦਿਆਂ, ਕੈਂਨੂੰ ਕਦੇ ਵੀ ਪ੍ਰੇਸ਼ਾਨ ਨਹੀਂ ਦੇਖ ਸਕਦਾ ਸੀ ਅਤੇ ਇਹੋ ਕਹਿੰਦਾ ਕਿ ਆਪ ਦੀਆਂ ਅਖੱਾਂ ਵਿੱਚ ਹੰਝੂ ਨ ਨਜ਼ਰ ਆਉਣ । ਜਾਮਿਆ ਤੋਂ ਵਾਪਸ ਆਉਂਦਿਆਂ ਹੀ ਘਰ ਵਿੱਚ ਸਾਰਿਆਂ ਬਾਰੇ ਪੁਛਦਾ ਅਤੇ ਪੂਰਾ ਹਫ਼ਤਾ ਸਾਰੇ ਕਿਵੇਂ ਰਹੇ ਸਾਰਿਆਂ ਬਾਰੇ ਬਹੁਤ ਚਿੰਤਾ ਨਾਲ ਪੁਛੱਦਾ । ਛੋਟਾ ਸੀ, ਤਾਂ ਉਸ ਸਮੇਂ ਜੱਦ ਹਜ਼ਰਤ ਖ਼ਲੀਫ਼ਾ ਤੁਲ ਮਸੀਹ ਰਾਬੇ ਇਸਲਾਮਾਬਾਦ ਜਾਇਆ ਕਰਦੇ ਸਨ ਤਾਂ ਸਕੂਲ ਤੋਂ ਆਉਂਦਿਆਂ ਹੀ ਭੱਜ ਜਾਂਦਾ ਸੀ ਕਿ ਮੈਂ ਹਜ਼ੂਰ ਨੂੰ ਮਿਲਣ ਜਾ ਰਿਹਾ ਹਾਂ ਅਤੇ ਨਾਲ ਹੀ ਸੈਰ ਵੀ ਕਰਨੀ ਹੈ । ਡਾਕਟਰ ਨੁਸਰਤ ਜਹਾਂ ਸਾਹਿਬਾ ਜੋ ਰਬਵਾ ਦੀ ਹਨ ਅੱਜ ਕੱਲ ਐਥੇ ਬਹੁਤ ਬਿਮਾਰ ਹਨ, ਅਲੱਾਹ ਤਆਲਾ ਉਹਨਾਂ ਨੂੰ ਵੀ ਸਵਾਸਥ ਪ੍ਰਦਾਨ ਕਰੇ, ਉਹਨਾਂ ਦਾ ਇਹਨਾਂ ਦੇ ਘਰ ਨਾਲ ਵਾਹਵਾ ਸੰਬੰਧ ਸੀ ਉਹ ਕਿਹਾ ਕਰਦਾ ਸੀ, ਮੈਂ ਇਹਨਾਂ ਲਈ ਬਹੁਤ ਦੁਆ ਕਰਦਾ ਹਾਂ । ਅਲੱਾਹ ਤਆਲਾ ਉਹਨਾਂ ਲਈ ਇਸ ਦੀਆਂ ਦੁਆਵਾਂ ਵੀ ਕੁਬੂਲ ਕਰੇ । ਇਹ ਲਿਖਦੀ ਹਨ ਕਿ ਮੈਂ ਸ਼ੁਕੱਰਵਾਰ ਦੀ ਰਾਤ ਸੁਪਨੇ ਵਿੱਚ ਦੇਖਿਆ ਕਿ ਮੇਰੇ ਘਰ ਬਹੁਤ ਲੋਕ ਆ ਰਹੇ ਹਨ ਅਤੇ ਬਹੁਤ ਤਸਵੀਰਾਂ ਬਣ ਰਹੀਆਂ ਹਨ । ਮੈਂ ਡਰਕੇ ਉਠੀ ਅਤੇ ਆਪਣੇ ਪਤੀ ਨੂੰ ਕਿਹਾ ਕਿ ਮੈਂਨੂੰ ਸੁਪਨਾ ਆਇਆ ਹੈ ਜਿਸ ਤੋਂ ਮੈਂ ਡਰ ਗਈ ਹਾਂ, ਮੈਂਨੂੰ ਇਸ ਸੁਪਨੇ ਦਾ ਚੰਗਾ ਪ੍ਰਭਾਵ ਨਹੀਂ ਦਿਸਦਾ ਤਾਂ ਸਵੇਰ ਹੁੰਦਿਆਂ ਹੀ ਸਦਕਾ ਦੇ ਦਿਓ । ਉਹਨਾਂ ਨੇ ਕਿਹਾ ਕਿ ਦਫ਼ਤਰ ਜਾਵਾਂਗਾ ਤਾਂ ਸਦਕਾ ਦੇ ਦਿਆਂਗਾ । ਪਰ ਇਸ ਤੋਂ ਪਹਿਲਾ ਹੀ ਇਹ ਦੁੱਖ ਭਰੀ ਸੂਚਨਾ ਆ ਗਈ । ਮਾਂ ਕਹਿੰਦੀ ਹਨ, ਜੱਦ ਵੀ ਮੈਂ ਕੋਈ ਕਪੜਾ ਲਿਆ ਕੇ ਦਿੰਦੀ ਤਾਂ ਆਰਾਮ ਨਾਲ ਪਹਿਨ ਲੈਂਦਾ ਅਤੇ ਬਹੁਤ ਤਾਰੀਫ਼ ਕਰਦਾ । ਪ੍ਰਾਹੁਣਾਚਾਰੀ ਵਿੱਚ ਤਾਂ ਬਹੁਤ ਹੀ ਵੱਧਿਆ ਹੋਇਆ ਸੀ ਜੇਕਰ ਕੋਈ ਉਸ ਦੀ ਇਕ ਵਾਰ ਦਾਵਤ ਕਰ ਲੈਂਦਾ ਤਾਂ ਉਹ ਭੁਲਦਾ ਸਹੀਂ ਸੀ ਅਤੇ ਜੱਦ ਕਦੇ ਉਹ ਕਿਤੇ ਮਿਲਦੇ ਜਾਂ ਇਸਲਾਮਾਬਾਦ ਆਉਦੇ ਤਾਂ ਝੱਟ ਘਰ ਆਣਕੇ ਕਹਿੰਦਾ ਕਿ ਫਲਾਂ ਫਲਾਂ ਲੋਕ ਆਏ ਹੋਏ ਹਨ ਖਾਣਾ ਬਣਾਓ, ਉਹਨਾਂ ਨੂੰ ਖਾਣੇ ਉਪੱਰ ਬੁਲਾਓ ।

ਨਿਜ਼ਾਮੇ ਜਮਾਤ (ਜਮਾਤੀ ਵਿਵਸਥਾ) ਦੇ ਹਰ ਛੋਟੇ ਤੋਂ ਛੋਟੇ ਕੰਮ ਤੇ ਆਦੇਸ਼ ਉਪੱਰ ਅਮਲ ਕਰਨ ਦਾ ਜਤਨ ਕਰਦਾ । ਇਕ ਵਾਰ ਮੈਂਨੂੰ ਕਿਹਾ ਕਿ ਅੱਮੀ ਮੇਰਾ ਦਿਲ ਕਰਦਾ ਹੈ ਕਿ ਮੈਂ ਐਨ੍ਹਾ ਚੰਗਾ ਮੁਰੱਬੀ ਬਣਾ ਕਿ ਜਮਾਤ ਦਾ ਬਹੁਤ ਪ੍ਰਚਾਰ ਕਰਾਂ ਅਤੇ ਐਨ੍ਹੇ ਅਹਮਦੀ ਬਣਾਵਾਂ ਕਿ ਆਪ ਨੂੰ ਮੇਰੇ ਉਪੱਰ ਮਾਣ ਹੋਵੇ ।

ਉਹਨਾਂ ਧੀ, ਬੱਚੇ ਦੀ ਭੈਣ ਰਫ਼ੀਆ ਸਾਹਿਬਾ ਕਹਿੰਦੀ ਹਨ ਕਿ ਬਹੁਤ ਹੀ ਪਿਆਰਾ ਭਾਈ ਸੀ ਛੋਟਾ ਸੀ ਪਰ ਉਸ ਦੀ ਸੋਚ ਵੱਡੀ ਡੂੰਘੀ ਸੀ । ਛੋਟਾ ਹੁੰਦਿਆਂ ਹੋਇਆਂ ਵੀ ਸਭ ਦਾ ਖ਼ਿਆਲ ਰਖੱਣ ਵਾਲਾ ਹਰ ਉਮਰ ਦੇ ਲੋਕਾਂ ਨਾਲ ਉਹਨਾਂ ਦੀ ਉਮਰ ਮੁਤਾਬਕ ਹੋਕੇ ਗੱਲ ਕਰਦਾ ਅਤੇ ਅੱਜ ਤੱਕ ਕਦੇ ਉਸ ਨੇ ਕਿਸੇ ਦਾ ਦਿਲ ਨਹੀਂ ਦੁਖਾਇਆ, ਹਰ ਗੱਲ ਨੂੰ ਬਹੁਤ ਧਿਆਨ ਨਾਲ ਸੁਣਦਾ ਅਤੇ ਬਹੁਤ ਸਨਮਾਨ ਨਾਲ ਉੱਤਰ ਦਿੰਦਾ । ਇਸ ਦੇ ਭਾਈ ਅਸਦ ਸਲੀਮ ਕਹਿੰਦੇ ਹਨ ਕਿ ਬਹੁਤ ਸਾਦਾ ਸੁਭਾਵ ਦਾ ਮਾਲਕ ਸੀ ਸਾਫ਼ ਤੇ ਸਿੱਧੀ ਗੱਲ ਕਰਦਾ, ਅਸੀਂ ਵਰਤਮਾਨ ਵਿੱਚ ਹੀ ਉਸ ਲਈ ਇਕ ਨਵੀਂ ਗੱਡੀ ਖ਼ਰੀਦ ਕੇ ਦਿੱਤੀ । ਕਹਿੰਦੇ ਹਨ ਕਿ ਸਭ ਤੋਂ ਪਹਿਲੀ ਗੱਲ ਜੋ ਉਸ ਨੇ ਪੁੱਛੀ ਉਹ ਉਸ ਦਾ ਮੁੱਲ ਸੀ ਅਤੇ ਕਿਹਾ ਕਿ ਮੁਰੱਬੀ ਦੇ ਰੂਪ ਵਿੱਚ ਮੈਂਨੂੰ ਸਾਦਾ ਜੀਵਨ ਬਤੀਤੀ ਕਰਨਾ ਚਾਹੀਦਾ ਹੈ ਅਤੇ ਮਹਿੰਗੀਆਂ ਚੀਜਾਂ ਮੈਂਨੂੰ ਨਹੀਂ ਲੈਂਣੀਆਂ ਚਾਹੀਦੀਆਂ । ਉਹਨਾਂ ਦੀ ਭੈਣ ਅਮਤੁਲ ਹਫ਼ੀਜ਼ ਸਾਹਿਬਾ ਲਿਖੱਦੀ ਹਨ ਕਿ ਇਕ ਖ਼ੂਬੀ ਉਸ ਵਿੱਚ ਇਹ ਸੀ ਕਿ ਕਿਸੇ ਵਿਅਕਤੀ ਦੀ ਬੁਰਾਈ ਸੁਨਣਾ ਪਸੰਦ ਨਹੀਂ ਕਰਦਾ ਸੀ ਅਤੇ ਉਸ ਵਿੱਚ ਇਹ ਗੁਣ ਸੀ ਕਿ ਲੋਕਾਂ ਦੇ ਵਿਪਰੀਤ ਵਿਚਾਰਾਂ ਨੂੰ ਚੰਗੇ ਵਿਚਾਰਾਂ ਵਿੱਚ ਬਦਲ ਦਿੰਦਾ ਸੀ । ਉਸ ਦਾ ਕਹਿਣਾ ਇਹੋ ਹੁੰਦਾ ਸੀ ਕਿ ਸਾਨੂੰ ਲੋਕਾਂ ਦੀਆਂ ਚੰਗਿਆਈਆਂ ਉਪੱਰ ਨਜ਼ਰ ਰਖੱਣੀ ਚਾਹੀਦੀ ਹੈ ਅਤੇ ਉਹਨਾਂ ਦੀਆਂ ਬੁਰਾਈਆਂ ਬਾਰੇ ਗੱਲਾਂ ਕਰਨ ਦੀ ਥਾਂ ਉਹਨਾਂ ਲਈ ਦੁਆ ਕਰਨੀ ਚਾਹੀਦੀ ਹੈ । ਸੁਭਾਵ ਵਿੱਚ ਸਾਦਗੀ ਦੀ ਇਕ ਉਧਾਰਣ ਇਹ ਹੈ ਕਿ ਮਾਂ ਉਸ ਨੂੰ ਈਦ ਉਪੱਰ ਨਵੇਂ ਕਪੜੇ ਖਰੀਦ ਕੇ ਦਿੰਦੀ ਤਾਂ ਉਹ ਕਪੜੇ ਪਹਿਨ ਕੇ ਬਹੁਤ ਚਿੰਤਤ ਰਹਿੰਦਾ ਕਿ ਕਿਤੇ ਇਹਨਾਂ ਕਪੜਿਆਂ ਵਿੱਚ ਲੋੜ ਤੋਂ ਵੱਧ ਦਿਖਾਵਾ ਨ ਹੋ ਜਾਵੇ । ਇਸ ਲਈ ਉਸ'ਤੇ ਆਪਣੀ ਕੋਈ ਪੁਰਾਣੀ ਜੈਕਟ ਆਦਿ ਪਹਿਨ ਲੈਂਦਾ ।

ਕੁਦੂਸ ਸਾਹਬ ਜਾਮਿਆ ਅਹਮਦੀਆ ਦੇ ਉਸਤਾਦ ਕਹਿੰਦੇ ਹਨ ਕਿ ਬਹੁਤ ਹੋਨਹਾਰ ਤੇ ਯੋਗ ਵਿਦਿਆਰਥੀ ਸੀ। ਕਲਾਸ ਵਿੱਚ ਸਭ ਤੋਂ ਅੱਗੇ Attentively ਬੈਠਦੇ ਅਤੇ ਹਮੇਸ਼ਾ ਮੁਸਕਰਾ ਕੇ ਗੱਲ ਕਰਦਾ ਮੈਂਨੂੰ ਚੇਤੇ ਨਹੀਂ ਕਿ ਹੈ ਕਿ ਕਦੇ ਉਸ ਨੇ ਕਿਸੇ ਪ੍ਰਕਾਰ ਦੇ ਗੁੱਸੇ ਦਾ ਪ੍ਰਗਟਾਵਾ ਕੀਤਾ ਹੋਵੇ ਸਗੋਂ ਹਮੇਸ਼ਾਂ ਦੂਜਿਆਂ ਦੀ ਮਦਦ ਕਰਨ ਦਾ ਜਤਨ ਕਰਦਾ । ਕ੍ਰਿਕਟ ਦਾ ਵੀ ਸ਼ੋਕ ਸੀ ਪਰ ਜੇਕਰ ਸਕੋਰ ਆਦਿ ਦੇਖਣੇ ਹੁੰਦੇ ਤਾਂ ਹਮੇਸ਼ਾ ਟੀਚਰ ਨੂੰ ਪੁੱਛਕੇ ਜਾਂਦਾ । ਜ਼ਹੀਰ ਖਾਨ ਸਾਹਬ ਜਾਮਿਆ ਦੇ ਉਸਤਾਦ ਹਨ ਉਹ ਲਿਖੱਦੇ ਹਨ ਕਿ ਬੀਤੇ ਦੋ ਵਰ੍ਹਿਆਂ ਤੋਂ ਰਜ਼ਾ ਦੀ ਕਲਾਸ ਨੂੰ ਪੜ੍ਹਾਉਣ ਦਾ ਸੰਜੋਗ ਪਾ ਰਿਹਾ ਹਾਂ । ਮੈਂ ਉਸ ਬੱਚੇ ਵਿੱਚ ਇਕ ਵਖੱਰੀ ਖ਼ੂਬੀ ਇਹ ਦੇਖੀ ਸੀ ਕਿ ਜੋ ਕੰਮ ਉਸ ਦੇ ਸੁਪੁਰਦ ਕੀਤਾ ਜਾਂਦਾ ਉਸ ਨੂੰ ਬਹੁਤ ਹੀ ਮਿਹਨਤ, ਲਗਨ ਤੇ ਜ਼ਿੰਮੇਦਾਰੀ ਦੇ ਅਹਿਸਾਸ ਨਾਲ ਪੂਰਾ ਕਰਦਾ । ਕਈ ਵਾਰ ਮੈਂ ਦੇਖਿਆ ਕਿ ਉਸ ਕੰਮ'ਤੇ ਨਿਯੁਤਕਤ ਬੱਚੇ ਏਧਰ ਓਧਰ ਚਲੇ ਗਏ ਹਨ ਤਾਂ ਇਹ ਇਕਲੱਾ ਹੀ ਉਸ ਕੰਮ ਨੂੰ ਨੇਪਰੇ ਚਾੜ੍ਹ ਰਿਹਾ ਹੁੰਦਾ ਸੀ । ਰਜ਼ਾ ਸਲੀਮ ਦੀ ਇਕ ਇਹ ਬਹੁਤ ਪਿਆਰੀ ਆਦਤ ਸੀ ਕਿ ਕਦੇ ਵੀ ਗ਼ੈਰ ਜ਼ਰੂਰੀ ਪ੍ਰਸ਼ਨ ਨਹੀਂ ਪੁਛੱਦਾ ਸੀ ਅਤੇ ਜੱਦ ਕਦੇ ਪ੍ਰਸ਼ਨ ਪੁਛੱਦਾ ਤਾਂ ਉਹ ਆਮ ਤੋਰ'ਤੇ ਪਛੱਮੀ ਦੁਨੀਆ ਵਿੱਚ ਇਸਲਾਮ ਅਤੇ ਅਹਮਦੀਅਤ ਬਾਰੇ ਹੋਣ ਵਾਲੇ ਇਤਰਾਜ਼ਾਂ ਉਪੱਰ ਅਧਾਰਤ ਹੁੰਦੇ ਅਤੇ ਕਈ ਵਾਰ ਦਸੱਦਾ ਕਿ ਉਸ ਦੀ ਕਿਸੇ ਗ਼ੈਰ ਮੁਸਲਿਮ ਤਾਂ ਗ਼ੈਰ ਅਹਮਦੀ ਮਿਤੱਰ ਨਾਲ ਗੱਲ ਹੋਈ ਅਤੇ ਉਸ ਨੇ ਇਹ ਪ੍ਰਸ਼ਨ ਪੁੱਛਿਆ ਸੀ, ਸੰਭਵਤਾ ਉਸ ਦੇ ਦਿਲ ਵਿੱਚ ਇਲਾਮ ਅਤੇ ਅਹਮਦੀਅਤ ਦੀ ਪ੍ਰਤੀ ਰੱਖਿਆ ਅਤੇ ਉਹਨਾਂ'ਤੇ ਹੋਣ ਵਾਲੇ ਇਤਰਾਜ਼ਾਂ ਦੇ ਉੱਤਰ ਦੇਣ ਦੀ ਜੋਤਿ ਬਾਲ ਰੱਖੀ ਸੀ । ਇਸੇ ਪ੍ਰਕਾਰ ਓਥੋਂ ਦੇ ਉਸਤਾਦ ਸਯੱਦ ਮਸ਼ਹੂਦ ਅਹਮਦ ਲਿਖੱਦੇ ਹਨ ਕਿ ਬੀਤੇ ਸਾਲ ਮੁਕਾਬਲਾ ਬੈਅਤਬਾਜ਼ੀ ਵਿੱਚ ਹਿੱਸਾ ਲੈਂਣ ਲਈ ਉਸ ਨੇ ਲਗਭਗ ਪੰਜ ਸੋ ਤੋਂ ਵੱਧ ਸ਼ੇਅਰ ਯਾਦ ਕੀਤੇ ਸਨ ਅਤੇ ਇਹ ਖ਼ੂਬੀ ਬਹੁਤ ਹੀ ਪ੍ਰਤਖ ਸੀ ਕਿ ਸ਼ੇਅਰਾਂ ਨੂੰ ਯਾਦ ਕਰਨ ਤੋਂ ਪਹਿਲਾਂ ਉਹਨਾਂ ਦਾ ਵਿਸ਼ਾ ਸਮਝਿਆ ਕਰਦਾ ਸੀ । ਕਹਿੰਦੇ ਹਨ ਰਜ਼ਾ ਸਲੀਮ ਨੂੰ ਪ੍ਰਚਾਰ ਦਾ ਬਹੁਤ ਸ਼ੋਕ ਸੀ । ਬੀਤੇ ਸਾਲ ਵਕਫ਼ੇ ਆਰਜ਼ੀ ਲਈ ਵਲੋਰ ਹੈਮਪਟਨ ਦੀ ਜਮਾਤ ਵਿੱਚ ਭਿਜਵਾਇਆ ਗਿਆ, ਜਿੱਥੇ ਉਸ ਨੇ ਲੀਫ਼ਲੈਟਸ ਵੰਡਣ ਤੋਂ ਬਿਨਾ ਲੋਕਲ ਜਮਾਤ ਨਾਲ ਰੱਲ ਕੇ ਕਈ ਪ੍ਰਚਾਰਕ ਸਟਾਲ ਵੀ ਲਗਾਏ ਅਤੇ ਇਸ

ਦੌਰਾਨ ਉਹਨਾਂ ਦੀ ਮੁਲਾਕਾਤ ਇਕ ਅੰਗ੍ਰੇਜ਼ ਨਾਲ ਹੋਈ ਜੋ ਧਾਰਮਕ ਰੂਪ ਵਿੱਚ ਇਕ ਸਰਗਰਮ ਈਸਾਈ ਸੀ । ਜੱਦ ਉਸ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਰਨਣ ਕੀਤੀ ਖੋਜ ਦੇ ਰਾਨ੍ਹੇ ਵਿੱਚ ਹਜ਼ਰਤ ਈਸਾ ਮਸੀਹ ਅਲੈਹਿ ਸਲਾਮ ਦੇ ਸਲੀਬ ਤੋਂ ਮੁਕਤੀ ਪਾਉਣ ਅਤੇ ਕਸ਼ਮੀਰ ਵੱਲ ਚਲੇ ਜਾਣ ਬਾਰੇ ਦੱਸਿਆ ਗਿਆ ਤਾਂ ਉਹ ਬਹੁਤ ਹੈਰਾਨ ਹੋਇਆ । ਇਸੇ ਮਨਸੂਰ ਜ਼ਿਯਾ ਸਾਹਬ ਉਸਤਾਦ ਜਾਮਿਆ ਅਹਮਦੀਆ ਲਿਖੱਦੇ ਹਨ ਕਿ ਇਸ ਬੱਚੇ ਦੀ ਨੱਸ ਨੱਸ ਵਿੱਚ ਖ਼ਿਲਾਫ਼ਤ ਨਾਲ ਪਿਆਰ ਤੇ ਗ਼ੈਰਤ ਕੁੱਟ ਕੁੱਟ ਕੇ ਭਰੀ ਹੋਈ ਸੀ । ਕਹਿੰਦੇ ਹਨ ਜੱਦ ਵੀ ਮੈਂ ਕਲਾਸ ਵਿੱਚ ਜੁਮਏ ਦੇ ਖ਼ੁਤਬਿਆਂ ਬਾਰੇ ਚਰਚਾ ਕੀਤੀ ਅਤੇ ਕੋਈ ਜਾਇਜ਼ਾ ਲਿਆ ਤਾਂ ਇਸ ਨੂੰ ਬਹੁਤ ਸਾਰੀਆਂ ਗੱਲਾਂ ਚੇਤੇ ਹੁੰਦੀਆਂ ਸਨ । ਬਹੁਤ ਗ਼ੌਰ ਨਾਲ ਖ਼ੁਤਬਾ ਸੁਨਣ ਵਾਲਾ ਸੀ ।

ਭਾਵ ਇਹ ਕਿ ਅਸੰਖ ਹੀ ਗੱਲਾਂ ਲੋਕਾਂ ਨੇ ਮੈਂਨੂੰ ਲਿਖੀਆਂ ਹਨ । ਅਲੱਾਹ ਤਆਲਾ ਮਰਹੂਮ ਦੇ ਦਰਜੇ ਬੁਲੰਦ ਕਰੇ ਅਤੇ ਆਪਣੇ ਪਿਆਰਿਆਂ ਦੇ ਪੈਰ੍ਹਾਂ ਵਿੱਚ ਅਸਥਾਨ ਪ੍ਰਦਾਨ ਕਰੇ । ਉਹ ਬਚੱਾ ਜਿਵੇਂ ਕਿ ਮੈਂ ਪਹਿਲਾਂ ਵੀ ਕਿਹਾ ਕਿ ਜਾਮਿਆ ਪਾਸ ਕਰਨ ਤੋਂ ਪਹਿਲਾਂ ਹੀ ਇਕ ਚੰਗਾ ਮੁਰੱਬੀ ਅਤੇ ਚੰਗਾ ਮੁਬਲੱਗ਼ ਸੀ ਅਤੇ ਖ਼ਿਲਾਫ਼ਤ ਲਈ ਆਥਾਹ ਗ਼ੈਰਤ ਰਖੱਣ ਵਾਲਾ ਸੀ । ਅਲੱਾਹ ਤਆਲਾ ਦੁਨੀਆ ਦੇ ਜਾਮਿਆਤ ਦੇ ਸਾਰਿਆਂ ਵਿਦਿਆਰਥੀਆਂ ਨੂੰ ਇਹ ਤੌਫ਼ੀਕ ਪ੍ਰਦਾਨ ਕਰੇ ਕਿ ਉਹ ਵੀ ਈਮਾਨਦਾਰੀ ਤੇ ਵਫ਼ਾਦਾਰੀ ਵਿੱਚ ਅਗਾਂਹ ਵਧੱਣ ਵਾਲੇ ਹੋਣ ਅਤੇ ਕਰਤਵਾਂ ਨੂੰ ਪੂਰੇ ਕਰਨਲ ਵਾਲੇ ਹੋਣ । ਇਸ ਪਿਆਰੇ ਬੱਚੇ ਦੇ ਮਿਤੱਰ ਕੇਵਲ ਖ਼ੂਬੀਆਂ ਵਰਨਣ ਕਰਨ ਵਾਲੇ ਨ ਹੋਣ ਸਗੋਂ ਮਿਤੱਰਤਾ ਦਾ ਹੱਕ ਤਾਂ ਇਹ ਹੈ ਕਿ ਉਸ ਨੂੰ ਇਸ ਪ੍ਰਕਾਰ ਪੂਰਾ ਕਰਨ ਕਿ ਉਸ ਦੀਆਂ ਖ਼ੂਬੀਆਂ ਅਪਣਾਕੇ ਆਪਣੀਆਂ ਸਾਰੀਆਂ ਖ਼ੂਬੀਆਂ ਧਰਮ ਦੀ ਸੇਵਾ ਖ਼ਾਤਰ ਵਰਤਨ ਅਤੇ ਮੈਂਨੂੰ ਵੀ ਅਤੇ ਭਵਿੱਖ ਵਿੱਚ ਆਉਣ ਵਾਲੇ ਖ਼ਲੀਫ਼ਿਆਂ ਨੂੰ ਵੀ ਹਮੇਸ਼ਾ ਚੰਗੇ ਸਹਾਇਕ ਅਤੇ ਸੁਲਤਾਨੇ ਨਸੀਰ ਮਿਲਦੇ ਰਹਿਣ । ਅਲੱਾਹ ਤਆਲਾ ਮਾਂਪਿਆਂ ਨੂੰ ਵੀ ਭੈਣ ਭਰਾਵਾਂ ਨੂੰ ਵੀ ਮਾਨਸਕ ਸ਼ਾਂਤੀ ਪ੍ਰਦਾਨ ਕਰੇ ਅਤੇ ਜਿਸ ਸਬਰ ਅਤੇ ਰੱਬ ਦੀ ਰਜ਼ਾ ਉਪੱਰ ਰਾਜ਼ੀ ਰਹਿੰਦਿਆਂ ਹੋਇਆਂ ਉਹਨਾਂ ਲੋਕਾਂ ਨੇ ਇਜ਼ਹਾਰ ਕੀਤਾ ਹੈ ਉਸ'ਤੇ ਹਮੇਸ਼ਾ ਕਾਇਮ ਵੀ ਰਹਿਣ ਅਤੇ ਅਲੱਾਹ ਤਆਲਾ ਦੀਆਂ ਮਿਹਰਾਂ ਨੂੰ ਪ੍ਰਾਪਤ ਕਰਨ ਵਾਲੇ ਹੋਣ ਅਤੇ ਭਵਿੱਖ ਵਿੱਚ ਹਰ ਔਕੁੜ ਤੇ ਦੁੱਖ ਤੋਂ ਉਹਨਾਂ ਸਾਰਿਆਂ ਨੂੰ ਰੱਬ ਬਚਾਏ । ਹਜ਼ੂਰ ਅਨਵਰ ਨੇ ਫ਼ਰਮਾਇਆ ਨਮਾਜ਼ ਦੇ ਬਾਦ ਇੰਸ਼ਾਅਲੱਾਹ ਨਮਾਜ਼ ਜਨਾਜ਼ਹ ਹਾਜ਼ਰ ਹੋਵੇਗੀ । ਜਨਾਜ਼ਹ ਹਾਜ਼ਰ ਹੈ ਮੈਂ ਬਾਹਰ ਜਾਕੇ ਨਮਾਜ਼ ਜਨਾਜ਼ਹ ਪੜ੍ਹਾਵਾਂਗਾ । ਲੋਕ ਏਥੇ ਹੀ ਪੰਕਤੀਆਂ ਠੀਕ ਕਰ ਲੈਂਣ ।

**Khulasa Khutba Jumma 16.09.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131